ਸਭ ਹਕ ਰਾਖਵੇਂ ਹਨ, ਕੋਈ ਨਾ ਛਾਪੇ

ਵੱਡਾ ਮੁਸਲਮਾਨੀ ਪਰਸੰਗ

ਮੁਕੰਮਲ

5-211

ਮੇਹਰਾਜ ਨਾਮਾਂ

ਕ੍ਰਿਤ ਕਵਿ

ਕਾਦਰ ਯਾਰ

ਉਲਥਾਕਾਰ ਭਗਵਾਨ ਸਿੰਘ "ਦਾਸ"

DYAL SINGH LIBRARY

ਜਿਸਨੂੰ

ਭਾਈ ਚਤਰ ਸਿੰਘ ਜੀਵਨ ਸਿੰਘ

ਪੁਸਤਕਾਂ ਛਾਪਨ ਵਾਲੇ ਬਜ਼ਾਰ ਮਾਈ ਸੇਵਾਂ ਅਮ੍ਰਿਤਸਰ

ਨੇ ਆਪਨੇ

ਚਤਰ ਸਿੰਘ ਪ੍ਰਿੰਟਿੰਗ ਪ੍ਰੈਸ ਅਮ੍ਰਿਤਸਰ ਵਿਚ ਸ੍ਰ: ਜੀਵਨ ਸਿੰਘ
ਮੈਨੇਜਰ ਤੇ ਪ੍ਰਿੰਟਰ ਦੇ ਯਤਨ ਨਾਲ ਛਾਪਯਾ ॥

ਅਥ ਮੇਹਰਾਜ ਨਾਮਾਂ ਲਿਖਯਤੇ ॥

ਅੱਲਾ ਖਾਲਕ ਮਾਲਕ ਰਾਜ਼ਕ ਕੁਦਰਤ ਸੰਦਾ ਵਾਲੀ। ਆਦਮ ਜਿਨ ਮਲਾਇਕ ਹਰ ਸ਼ੈ ਦਰ ਤੇ ਰੋਜ਼ ਸਵਾਲੀ । ਉਹ ਰਹਿਮਤ ਦਾ ਦਰਿਆ ਅਲਾਹੀ ਬੇ ਪਰਵਾਹ ਕਹਾਵੇ । ਜ਼ਾਹਰ ਯਤਨ ਕੁਦਰਤ ਸੰਦੀ ਕੁਝ ਹਸਾਬ ਨਾਂ ਆਵੇ। ਮੈਂ ਕੁਲ ਖ਼ਬਰਾਂ ਇਲਮੋਂ ਆਈਆਂ ਕੁਦਰਤ ਨਾਲ ਬਨਾਈਂ । ਜਾਂ ੨ ਅਲਫ਼ ਅਕੱਲਾ ਆਹਾ ਨਾ ਸੀ ਸ਼ਾਮ ਸ਼ਬਾਹੀਂ । ਨਾਂ ਆਸਮਾਂ ਨਾਂ ਜ਼ਿਮੀਆਂ ਦੋਜ਼ਖ਼ ਨਾਂ ਸਨ ਏਹ ਸ਼ਰੱਸਤੇ । ਨਾਂ ਸ਼ਬ ਰੋਜ਼ ਨਾਂ ਆਤਸ਼ ਪਾਣੀ ਨਾਂ ਸਨ ਹੂਰ ਫ਼ਰਿਸ਼ਤੇ। ਤਦੋਂ ਕੀਤਾ ਰਬ ਨੂਰ ਨਬੀ ਦਾ ਜ਼ਾਹਰ ਫ਼ਜ਼ਲ ਮਸਾਲੇ । ਇਸਮ ਮੁਹੱਮਦ ਕਿਹਾ ਅਲਾਹੀ ਮੈਮੋਂ ਹੀਉ ਵਾਲੇ । ਫੇਰ ਨਬੀ ਦੇ ਨੂਰੋਂ ਕੀਤਾ ਕੁਲ ਜ਼ਹੂਰ ਇਲਾਹੀ। ਜੋ ਕੁਝ ਨੂਰ ਨਾਂਮੇ ਵਿਚ ਲਿਖਿਆ ਜਾਨੋ ਸਚ ਗਵਾਹੀ। ਏਡ ਫਜਲ ਨਬੀ ਤੇ ਕੀਤਾ ਆਪ ਅਲਾ ਹਕ ਤਾਲਾ। ਵਿਚ ਕੁਰਾਨ ਲਿਖੀ ਖੁਸ਼ਖ਼ਰੀ ਬਿਆਨ ਮੇਹਰਾਜੇ ਵਾਲਾ । ਪਾਕ ਮੁਹੱਮਦ ਬੰਦੇ ਉਤੇ ਫ਼ਜ਼ਲ ਖੁਦਾਵੰਦ ਚਾਹਿਆ। ਮਸਜਦ ਮਕੇ ਅਕਸੇ ਤਾਂਈ ਰਾਤੀ ਸੈਰ ਕਰਾਇਆ । ਥੋਹੜੀ ਰਾਤ ਹਸਾਬ ਪਲਾਂ ਦਾ ਬਹੁਤੀ ਰਾਤ ਨਾਂ ਆਈ । ਮਸਜਦ ਅਕਸੀ ਜਾ ਪਹੁੰਚਾਇਆ ਕੁਦਰਤ ਨਾਲ ਅਲਾਹੀ । ਮਸਜਦ ਅਕਸਾ ਬਰਕਤ ਵਾਲੀ ਕੀਤੀ ਆਪ ਅਲਾਹਾ। ਬਾਗ਼ ਬਹਾਰ ਬਹਿਸ਼ਤੀ ਚੁੱਲੇ ਕਿਤਾ ਬਹਿਸ਼ਤੀ ਆਹਾ । ਪਾਕ ਮੁਹੱਮਦ ਪਹੁਤਾ ਓਥਾ ਆਈ ਖਬਰ ਕੁਰਾਨੋਂ। ਜੇ ਕੋਈ ਸੁਣਕੇ ਮੁਨਕਰ ਹੋਵੇ ਕਾਫ਼ਰ ਹੈ ਈਮਾਨੋਂ। ਉਹ ਸੁਲੇਮਾਂ ਪੈਗ਼ੰਬਰ ਅਕਸਾਂ ਮਸਜਦ ਸੀ ਬਨਵਾਈ। ਵਰ੍ਹੇ ਦਿਨਾਂ ਦਾ ਰਾਹ ਮੱਕੇ ਥੀ ਸ਼ਾਮੇ ਅੰਦਰ ਆਹੀ। ਪਾਕ ਰਸੂਲ ਮੁਹੱਮਦ ਖਾਸ ਹਬੀਬ ਖੁਦਾ ਦਾ। ਕਾਦਰ ਕਰਮ

ਰਬੇ ਦੀ ਸੇਤੀ ਕਿੱਸਾ ਕਹੇ ਏਹਨਾਂ ਦਾ । ਫ਼ਜਲ ਅਲਾ ਦਾ ਮਦਦ ਨਬੀ ਦੀ ਪਾਇਆ ਦੀਨ ਯਕੀਨੋਂ । ਕੀਤਾ ਸ਼ੇਅਰ ਮੇਹਰਾਜ ਨਾਮੇ ਦਾ ਸੁਣਕੇ ਸਤ ਸਫ਼ੀਨੋਂ । ਫਜਲ ਕੀਤਾ ਰਬ ਉਮਤ ਉਤੇ ਪਾਕ ਮੁਹੰਮਦ ਆਂਦਾ । ਅਵਲ ਆਖ਼ਰ ਦੀਨ ਸਲਾਮਤ ਸ਼ਾਨ ਬੁਲੰਦ ਉਹਨਾਂ ਦਾ । ਨੂਰ ਨਬੀ ਦਾ ਰੋਸ਼ਨ ਹੋਇਆ ਤਰੁੱਟਾ ਕੁਫ਼ਰ ਕੁਫ਼ਾਰਾਂ । ਚਾਹਲੀ ਸਾਲੀ ਮੇਹਰ ਨਬੂਤ ਫ਼ਜਲ ਹੋਇਆ ਸਰਕਾਰੋਂ । ਕੋਟ ਕੁਫਰ ਦੇ ਫੈਸਲ ਹੋਏ **ਅਲਾ ਦੀਨ ਵਧਾਇਆ । ਪਾਕ ਮੁਹਮਦ ਸਰਵਰ ਕਰਕੇ** ਤਖ਼ਤ ਖ਼ੁਦਾ ਬਹਾਇਆ । ਚੌਹਦੀਂ ਤਬਕੀ ਫਿਰੀ ਧਰੋਹੀ ਫਿਰਿਆ ਹੋਰ ਜ਼ਮਾਨਾ । ਕਿਥੇ ਰਾਜ ਰਜਾਣਿਆਂ ਕੋਲ ਤਖ਼ਤ ਮਿਲੇ ਸੁਲਤਾਨਾਂ । ਸ਼ਹਿਰ ਸ਼ਰਾ ਦਾ ਹੋਇਆ ਮੁਰਤੱਬ ਪਾਕ ਮੁਹਮੱਦ ਯਾਰੋ । **ਬਾਂਗ** ਬੁਲੰਦ ਬਬਾਲੇ ਦਿਤੀ **ਕਲਮਾਂ ਸ਼ੁਕਰ ਗੁਜ਼ਾਰੀ । ਅੱਲਾ ਬਕਰ** ਬਣਾ ਸ਼ਹਿਰ ਦੀ ਉਮਰ ਚੁਕੰਦਾ **ਆਹਾ । ਛੱਤ ਉਤੇ ਉਸਮਾਨ** ਗ਼ਨੀ ਹੈ ਦਰਤੇ ਹਜ਼ਰਤ ਸ਼ਾਹਾ । ਇਸਮ ਮੁਹੱਬਤ ਸ਼ਹਿਰ ਸ਼ਰਾ ਦਾ ਅਲਾ ਪਾਕ ਵਸਾਇਆ । **ਮੁਸਲਮ ਹੋਇਆ ਨਾਲ ਈਮਾਨੇ** ਜੋ ਕੋਈ ਅੰਦਰ ਆਇਆ । **ਮੱਧਮ ਹੋਏ ਬਹੱਤਰ ਫਿਰਕੇ ਰੌਸ਼ਨ** ਦਾਰ ਦਿਆਰੀ । ਕਾਦਰ ਬਖਸ਼ਾ ਕਰੋ **ਦਿਲ ਕਲਮਾਂ ਹੋਇਆ** ਰਬ ਸਤਾਰੀ । ਅਵਲ ਆਖਰ ਨੂਰ ਨਬੀ ਦਾ ਕਲਮੇ ਦੀ ਬਾਦਸ਼ਾਹੀ । ਸਾਲ ਬਵੰਜਾ ਉਮਰ **ਨਬਰ ਦੀ ਆਹੀ ਓਸ ਦਿਹਾੜੇ ।** ਜਦੋਂ ਮੇਹਰਾਜ ਹੋਇਆ ਸਰਵਰਤੋਂ ਵੱਠੇ ਅਰਸ਼ ਮੁਨਾਰੇ । ਮਾਹ ਰਜੱਬ ਦਾ ਆਹਾ ਮਹੀਨਾ ਹੋਇਆ **ਜਦੋਂ ਫ਼ਜ਼ਲ ਸੀ ਇਕਸ ਬਜ਼ੁਰਗ ਰਵਾਇਤ ਕੀਤੀ ਮਾਹ** ਰਬੀ ਅਲਾਵਲ ਸੀ । ਹਿਕਨਾਂ **ਕਹਿਨਾਂ ਮਾਹਰਾਜ ਨਬੀ ਨੂੰ** ਹੋਇਆ ਮਾਹ ਸ਼ਵਾਲੇ । ਫੇਰ ਰਬੀ **ਉਲ ਅ ਖ਼ਰ ਕਿਹਾ ਇਕਸ** ਰਵਾਇਤ ਵਾਲੇ । ਹਿਕਨਾ ਕਿਹਾ

ਮੇਹਰਾਜ ਨਬੀ ਨੂੰ ਹੋਇਆ ਮਾਹ ਰਮਜ਼ਾਨੇ । ਕਾਦਰ ਕੁਦਰਤ ਹਥ ਨਾਂ ਆਵੇ ਟੁਰ ਪਏ ਕਿਤ ਜ਼ਮਾਨੇ । ਸਾਰੇ ਦਾਨਸ਼ ਕਰ ੨ ਥਕੇ ਨੇਲਾ ਵਕਤ ਬੀਤੇ ਨੇ । ਓੜਕ ਮਾਹ ਰਜਬ ਦਾ ਸਭਨਾਂ ਆ ਇਕਕਾਰ ਕੀਤੇ ਨੇ । ਮਾਹ ਰਜਬ ਦਾ ਆਹਾ ਮਹੀਨਾ ਚੌਨ ਤਾਰੀਖ਼ ਸਤੀਵੇਂ । ਰਾਤ ਸਵਾਰ ਫੁੱਫੀ ਦੇ ਖਾਨੇ ਸੁਤਾ ਨਾਲ ਅਮੀਨੀ । ਮੁਰਦਾ ਸਫਾ ਪਰਥਤ ਦੋਵੇਂ ਜਿਥੇ ਸੀ ਉਹ ਖ਼ਾਨਾ । ਕਾਹਬੇ ਜਿਹਾ ਮੁਰਤਥ ਉਸਦਾ ਰੁਤਥਾ ਵਿਚ ਜਹਾਨਾਂ । ਕਾਫਰ ਗਾਲਬ ਹੋਏ ਨਬੀ ਤੇ ਤਾਂ ਘਰਾਵੀਂ ਗਿਆ ਸੀ । ਉਹ ਸਰਵਰ ਤਾਂਈ ਪੁਛਨ ਲਗੇ ਦਿਲ ਵਿਚ ਫਿਕਰ ਪਿਆ ਸੀ । ਫੁਫੀ ਬਹੁਤ ਪਿਆਰੇ ਆਹੇ ਮਖ਼ਫੀ ਜਾਗ ਸਵਾਏ । ਦੇ ਦਲੇਰੀ ਪਾਕ ਨਬੀ ਨੂੰ ਫੁਫੀ ਜੀ ਠਹਿਰਾਏ । ਨਾਂ ਦਿਲ ਅੰਦਰ ਕਰ ਤੂੰ ਖਤਰਾ ਤੈਥੇ ਫੁਫੀ ਫਰਮੰਦਾ । ਜੇ ਕੋਈ ਅਜ਼ ਤੇਰੇ ਵਲ ਆਵੇ ਕੌਣ ਮੁਨਾਫਕ ਬੰਦਾ । ਅਵਲ ਧੀਆਂ ਭੈਣਾਂ ਵਾਲਾ ਪੈਂ ਆਵਾਜ਼ ਕਰਾਂਗੀ । ਜੇ ਉਹ ਫੇਰ ਮੁਨਾਫਕ ਹੋਵੇ ਫੜ ਸ਼ਮਸ਼ੇਰ ਲੜਾਂਗੀ । ਪਾਕ ਮੁਹਮਦ ਸਰਵਰ ਤਾਂਈ ਫੁਫੀ ਦੇ ਦਲੇਰੀ । ਤੂੰ ਮਾਲਕ ਮੁਲਕ ਖਜ਼ਾਨਿਆਂ ਵਾਲਾ ਕਰੀਬ ਹਜ਼ੂਰੋਂ ਤੇਰਾ । ਚੁਪ ਹੁ ਹਮੱਦ ਹਰਫ਼ ਨਾਂ ਕੀਤਾ ਸੁਤਾ ਨਾਲ ਗਮੀ ਦੇ । ਦਹਾਨਾਂ ਰੂਹ ਜਨਾਬੋਂ ਖਵਾਬੋਂ ਬੁਤ ਮਕਾਂਦੇ । ਔਖਤ ਪਈ ਬਹੁਤ ਨਬੀ ਨੂੰ ਹਜ਼ੂਰ ਹੋਏ ਗਮ ਸਾਰੇ । ਇਕਅੰਦੇਸ਼ਾ ਉਮੱਤ ਵਾਲਾ ਏਹ ਦਲੋਲ ਗੁਜ਼ਾਰੇ । ਰਬ ਹਕੀਮ ਏਹਨਾਂ ਦਾ ਆਹਾ ਆਪ ਅੱਲਾ ਹਕ ਤਾਲਾ ਖ਼ਾਹਿਸ਼ ਜਿਨੇਂ ਦੀ ਕੁਨਫ਼ੈਕੁਨੋਂ ਬਨਿਆਂ ਆਲਮ ਸਾਰਾ । ਦੋਸਤ ਖਾਸ਼ ਹਬੀਬ ਖੁਦਾ ਦਾ ਕੀਤਾ ਗਮ ਬੀਮਾਰੀ ਕੁਦਰਤ ਨਾਲ ਅਹਿਵਾਲ ਉਹਨਾਂ ਦਾ ਡਿਠਾ ਰਬ ਸਤਾਰੀ । ਰਬ ਫਿਕ ਧਿਆਨ ਲਿਆਖ਼ਲਕਾਂ ਥੀ ਜਬਰਾਈਲ ਬੁਲਾਇਆ । ਪਰਦਾ ਖਾਲਕ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.